**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਵਿਨੋਦ ਕੁਮਾਰ ਖੁਰਾਨਾ ਐਡਵੋਕੇਟ 9988805570
ਪਤਾ: 110 ,ਸ਼ਿਵਾਲਿਕ ਇੰਨਕਲੇਵ ਮਨੀਮਾਜਰਾ।ਚੰਡੀਗੜ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ ਭੌਂ ਪਰਾਪਤੀ ਕੁਲੈਕਟਰ ਇੰਡਸਟਰੀਜ ਪੰਜਾਬ,ਚੰਡੀਗੜ।
17 ਬੇਜ਼ ਬਿਲਡਿੰਗ ਚੰਡੀਗੜ।
ਪਹਿਲੀ ਅਪੀਲੀ ਅਥਾਰਟੀ ਦਫਤਰ ਭੌਂ ਪਰਾਪਤੀ ਕੁਲੈਕਟਰ
ਇੰਡਸਟਰੀਜ ਪੰਜਾਬ, 17 ਬੇਜ਼ ਬਿਲਡਿੰਗ ਚੰਡੀਗੜ। ------ਉੱਤਰਦਾਤਾ

**ਅਪੀਲ ਕੇਸ ਨੰ: 3381/2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਵਿਨੋਦ ਕੁਮਾਰ ਖੁਰਾਨਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਮੋਹਿਤ ਸ਼ਰਮਾਂ, ਸੀਨੀਅਰ ਸਹਾਇਕ (8427002227)।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 19-03-2019,ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਲੋਕ ਸੂਚਨਾ ਅਧਿਕਾਰੀ ,ਦਫਤਰ ਭੌਂ ਪਰਾਪਤੀ ਕੁਲੈਕਟਰ ਇੰਡਸਟਰੀਜ ਪੰਜਾਬ,ਚੰਡੀਗੜ ਨੂੰ ਪੰਜਾਬ ਵਿਚ ਜ਼ਮੀਨ ਐਕੁਆਇਰ ਕਰਨ ਸਬੰਧੀ ਪ੍ਰਾਪਤ ਕੀਤੀ ਰਕਮ ਨਾਲ ਸਬੰਧਤ 03 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 01-05-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 12-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 26-09-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 22-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਅਗਲੀਆ ਮਿਤੀਆਂ ਤੇ ਹੋਈ ਕਾਰਵਾਈ ਉਪਰੰਤ ਇਹ ਕੇਸ ਅਗਲੀ ਸੁਣਵਾਈ ਮਿਤੀ 22-01-2020 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਮਿਤੀ 22-01-2020 ਨੂੰ ਪੇਸ਼ੀ ਤੇ ਅਪੀਲਕਰਤਾ ਵੱਲੋਂ ਹਾਜ਼ਰ ਸ੍ਰੀ ਵਿਨੋਦ ਕੁਮਾਰ ਖੁਰਾਨਾ ਐਡਵੋਕੇਟ ਅਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ੍ਰੀ ਮੋਹਿਤ ਸ਼ਰਮਾਂ, ਸੀਨੀਅਰ ਸਹਾਇਕ ਪੇਸ਼ ਹੋਏ। ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੱਤਰ ਨ: ਐਲ.ਏ.ਸੀ./ਆਰ.ਟੀ.ਆਈ./ਲੇਖ਼ਾਕਾਰ/746 ਮਿਤੀ 22-01-2020 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਉੱਤਾਰਾ ਕਮਿਸ਼ਨ ਨੂੰ ਕੀਤਾ ਗਿਆ ਹੈ। ਪੱਤਰ ਦੀ ਕਾਪੀ ਅਪੀਲਕਰਤਾ ਨੂੰ ਪੇਸ਼ੀ ਦੋਰਾਨ ਮੌਕੇ ਤੇ ਦੇ ਦਿੱਤੀ ਗਈ। ਇਸ ਦੇ ਨਾਲ ਹੀ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਕਿ ਉਹ ਜੇ ਇਸ ਸਬੰਧੀ ਕੁਝ ਕਹਿਣਾ ਚਾਹੁੰਦਾ ਹੈ ਤਾਂ ਲਿਖਤੀ ਰੂਪ ਵਿਚ ਕਮਿਸ਼ਨ ਨੂੰ ਹਫਤੇ ਦੇ ਅੰਦਰ ਅੰਦਰ ਭੇਜ਼ ਸਕਦਾ ਹੈ। ਇਸ ਮਾਮਲੇ ਤੇ ਡੂੰਘਾਈ ਨਾਲ ਘੋਖ-ਵਿਚਾਰ ਕਰਨ ਲਈ ਇਹ ਕੇਸ ਰਿਜ਼ਰਵ ਰੱਖਿਆ ਗਿਆ ਸੀ।

3. ਅਪੀਲਕਰਤਾ ਵਲੋਂ 03 ਨੁਕਤਿਆਂ ਨਾਲ ਸਬੰਧ ਸੂਚਨਾ ਦੀ ਮੰਗ ਕੀਤੀ ਗਈ ਸੀ ਜਿਨ੍ਹਾਂ ਦਾ ਵੇਰਵਾ ਹੇਠ ਅਨੁਸਾਰ ਹੈ:Certified copy(s) of payment register from 1.4.2918 till date , regaring

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**





1) payment made of acquired land in Punjab.
2) Certified copy(s) of the payment received from dirfferent Corporations, PSIEC, Financial Institution and Companies regarding land acquired for Industries in Punjab for the period from 1.4.2018 till date.
3) Certified copy(s) of details to whom the payments/amounts received from different Corporation, PSIEC, Financial Institutions and Companies, have been paid, for the period from 1.4.2018 till date.

ਅਪੀਲਕਰਤਾ ਸ੍ਰੀ ਵਿਨੋਦ ਕੁਮਾਰ ਖੁਰਾਨਾ ਐਡਵੋਕੇਟ ਵਲੋਂ ਉਕਤ ਹੁਕੱਮਾਂ ਦੀ ਪਾਲਣਾ ਵਿਚ ਮਿਤੀ 29-01-2020 ਨੂੰ ਲਿਖਤੀ ਰੂਪ ਵਿਚ ਆਪਣਾ ਪ੍ਰਤੀਕਰਮ/ਸਟੇਟਮੈਟ ਪੇਸ਼ ਕੀਤੀ ਗਈ। ਜਿਸ ਅਨੁਸਾਰ ਦਸਿਆ ਗਿਆ ਕਿ ਮਿਤੀ 6-9-2019 ਨੂੰ ਅਧੂਰੀ ਸੂਚਨਾ ਦਿੱਤੀ ਗਈ ਅਤੇ ਬਕਾਇਆ ਸੂਚਨਾ ਤੀਜੀ ਧਿਰ ਨਾਲ ਸਬੰਧਤ ਹੋਣ ਕਾਰਨ ਨਹੀਂ ਦਿਤੀ ਗਈ। ਹੁਣ ਮਿਤੀ 22-1-2020 ਨੂੰ ਉੱਤਰਦਾਤਾ ਵਲੋਂ ਸੈਕਸ਼ਨ 8(1)(ਜੇ) ਤਹਿਤ ਸੂਚਨਾ ਨਹੀਂ ਦਿੱਤੀ ਗਈ। ਅਪੀਲਕਰਤਾ ਵਲੋਂ ਦਿਤੀ ਗਈ ਸੂਚਨਾ ਦੇ ਸਬੰਧ ਵਿਚ ਦਸਿਆ ਗਿਆ ਕਿ ਇਹ ਸੂਚਨਾ ਇਸ ਧਾਰਾ 8(1)(ਜੇ) ਤਹਿਤ ਕਵਰ ਨਹੀਂ ਹੁੰਦੀ ਕਿਉਂਜੋ ਇਸ ਦਾ ਸਬੰਧ ਤੀਜੀ ਧਿਰ ਨਾਲ ਨਾ ਹੋ ਕੇ ਸਰਕਾਰ ਵਲੋਂ ਦਿੱਤੀ ਗਈ ਕੰਪਨਸੇਸ਼ਨ ਬਾਰੇ ਹੈ ਅਤੇ ਸਾਫ ਤੌਰ ਤੇ ਪਬਲਿਕ ਐਕਟਿਵੀਟੀ ਨਾਲ ਸਬੰਧਤ ਹੋਣ ਕਾਰਨ ਇੰਨਕਾਰ ਨਹੀਂ ਕੀਤਾ ਜਾ ਸਕਦਾ। ਇਸ ਸਬੰਧ ਵਿਚ ਅਪੀਲਕਰਤਾ ਵਲੋਂ ਮਾਣਯੋਗ ਅਦਾਲਤਾਂ ਦਾ ਹਵਾਲਾ ਦਿੰਦੇ ਹੋਏ ਜੱਜਮੈਂਟਾਂ ਦੀ ਕਾਪੀ ਪੇਸ਼ ਕਰਦੇ ਹੋਏ, ਜਿਸ ਵਿਚ ਸੈਟਰਲ ਇੰਨਫਰਮੇਸ਼ਨ ਕਮਿਸਨ ਦੇ ਫੈਸਲੇ ਦਾ ਹਵਾਲਾ ਵੀ ਦਿਤਾ ਗਿਆ ਹੈ ਜਿਸ ਅਨੁਸਾਰ ਅਜਿਹੀ ਸੂਚਨਾ ਨੂੰ ਪਬਲਿਕ ਰਿਕਾਰਡ ਹੋਣ ਦੇ ਨਾਤੇ ਪ੍ਰਾਈਵੇਸੀ ਦੇ ਹੱਕ ਤੋਂ ਬਾਹਰ ਦਸਿਆ ਗਿਆ ਹੈ। ਇਸ ਲਈ ਉੱਤਰਦਾਤਾ ਦਾ ਇਹ ਕਹਿਣਾ ਕਿ ਭੌਂ ਪਰਾਪਤੀ ਤੇ ਕੰਪਨਸੇਸ਼ਨ ਦੀ ਅਦਾਇਗੀ ਪਰਸਨਲ ਇੰਨਫਰਮੇਸ਼ਨ ਹੈ ਜਦੋਂ ਕਿ ਇਹ ਪਰਸਨਲ ਇੰਨਫਰਮੇਸ਼ਨ ਨਹੀਂ ਹੈ।

5. ਉੱਤਰਦਾਤਾ ਵਲੋਂ ਆਪਣੇ ਪੱਤਰ ਮੀਮੋ ਨੰ: ਐਲ.ਏ.ਸੀ./ਆਰ.ਟੀ.ਆਈ./ਲੇਖਾਕਾਰ/11614 ਮਿਤੀ 19-11-2019 ਰਾਂਹੀ ਦਸਿਆ ਗਿਆ ਸੀ ਕਿ ਲੜੀ ਨੱ: 1 ਅਤੇ 3 ਤੇ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਥਰਡ ਪਾਰਟੀ ਹੈ, ਵਿਤੀ ਮਾਮਲਾ ਹੋਣ ਕਰਕੇ ਆਰ.ਟੀ.ਆਈ. ਐਕਟ ਦੇ ਸੈਕਸ਼ਨ 2(ਐਨ) ਅਧੀਨ ਸੂਚਨਾ ਨਹੀਂ ਦਿੱਤੀ ਜਾ ਸਕਦੀ। ਪਾਰਥੀ ਦਾ ਨਿੱਜੀ ਤੋਰ ਤੇ ਮੰਗੀ ਗਈ ਸੂਚਨਾ ਨਾਲ ਕੋਈ ਸਬੰਧ ਨਹੀਂ ਹੈ। ਜਿਥੋਂ ਤੱਕ ਲੜੀ ਨੰ: 2 ਦਾ ਸਬੰਧ ਹੈ ਪ੍ਰਾਰਥੀ ਨੂੰ ਇਹ ਸੂਚਨਾ ਪਹਿਲਾਂ ਹੀ ਮੁਹੱਈਆ ਕਰਵਾਈ ਜਾ ਚੁੱਕੀ ਹੈ। ਇਸ ਦੇ ਨਾਲ ਹੀ ਪੱਤਰ ਪਿੱਠ ਅੰਕਣ ਨੰ: ਐਲ.ਏ.ਸੀ./ਆਰ.ਟੀ.ਆਈ./ਲੇਖਾਕਾਰ/746 ਏ ਮਿਤੀ 22.1.2020 ਰਾਹੀਂ ਲੜੀ ਨੰ: 1 ਅਤੇ 3 ਸਬੰਧੀ ਆਰ.ਟੀ.ਐਕਟ 2005 ਦੀ ਧਾਰਾ 8(1)(ਜੇ) ਦਾ ਹਵਾਲਾ ਦਿੰਦੇ ਹੋਏ ਦਸਿਆ ਗਿਆ ਕਿ ਮੰਗੀ ਗਈ ਸੂਚਨਾ ਥਰਡ ਪਾਰਟੀ ਨਾਲ ਸਬੰਧਤ ਹੈ ਇਸ ਲਈ ਇਹ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਸਕਦੀ।

6. ਉੱਤਰਦਾਤਾ (ਲੋਕ ਸੂਚਨਾ ਅਫਸਰ) ਅਤੇ ਅਪੀਲਕਰਤਾ ਵਲੋਂ ਪੇਸ਼ ਕੀਤੀਆਂ ਗਈਆਂ ਦਲੀਲਾਂ ਅਤੇ ਦਸਤਾਵੇਜ਼ਾਂ ਦੇ ਨਾਲ ਨਾਲ ਆਰ.ਟੀ.ਆਈ. ਐਕਟ, 2005 ਦੀਆਂ ਧਾਰਾਂਵਾ ਅਤੇ ਅਦਾਲਤਾ ਦੇ ਫੈਸਲਿਆਂ ਦਾ ਹਵਾਲਾ ਦਿੰਦੇ ਹੋਏ ਆਪਣਾ ਅਪਣਾ ਪੱਖ ਪੇਸ਼ ਕੀਤਾ ਗਿਆ। ਜਿਸ ਨੂੰ ਘੋਖਣ ਤੇ ਪਾਇਆ ਗਿਆ ਕਿ ਅਪੀਲਕਰਤਾ ਵਲੋਂ ਪੇਸ਼ ਕੀਤੀਆਂ ਗਈਆਂ ਜੱਜਮੈਟਾਂ ਅਨੈਕਸਚਰ 1 ਅਤੇ 2 ਦਾ ਸਬੰਧ ਸੂਚਨਾ ਅਧਿਕਾਰ ਕਾਨੂੰਨ ਨਾਲ ਨਹੀਂ ਬਲਕਿ ਇਨ੍ਹਾਂ ਕੇਸਾਂ ਦਾ ਸਬੰਧ Right & Liverty ਨਾਲ ਹੈ। ਉੱਤਰਦਾਤਾ ਵਲੋਂ ਆਪਣੇ ਪਤਰ ਮਿਤੀ

ਪਰਤੋ ਜੀ----ਚਲਦਾ ਪੰਨਾ /3

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:** 3381/2019

19-11-2019 ਵਿਚ ਆਰ.ਟੀ.ਆਈ. ਐਕਟ ਦੇ ਸੈਕਸ਼ਨ 2(ਐਨ) ਅਤੇ ਪੱਤਰ ਮਿਤੀ 22-1-2020 ਵਿਚ ਆਰ.ਟੀ.ਆਈ. ਐਕਟ ਦੀ ਧਾਰਾ 8(1)(ਜੇ) ਦਾ ਹਵਾਲਾ ਦਿੰਦੇ ਹੋਏ ਇਸ ਸੂਚਨਾ ਨੂੰ ਤੀਜੀ ਧਿਰ ਨਾਲ ਸਬੰਧ ਹੋਣ ਕਾਰਨ ਦਸਿਆ ਗਿਆ ਕਿ ਇਹ ਸੂਚਨਾ ਨਹੀਂ ਦਿੱਤੀ ਜਾ ਸਕਦੀ। ਜਦੋਂ ਕਿ ਅਪੀਲਕਰਤਾ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਤੇ ਮਿਤੀ 29-01-2020 ਨੂੰ ਆਪਣੀ ਲਿਖਤੀ ਰੂਪ ਵਿਚ ਪੇਸ਼ ਕੀਤੀ ਗਈ ਪ੍ਰਤੀਕਰਮ/ਸਟੇਟਮੈਟ ਵਿਚ ਇਹ ਸਪਸ਼ੱਟ ਕਰਨ ਤੇ ਜ਼ੋਰ ਦਿੱਤਾ ਗਿਆ ਕਿ ਇਸ ਦਾ ਸਬੰਧ ਤੀਜੀ ਧਿਰ ਨਾਲ ਨਹੀਂ ਕਿਉਜੋਂ ਤੀਜੀ ਧਿਰ ਉਸ ਸਮੇ ਲਾਗੂ ਹੁੰਦੀ ਹੈ ਜਦੋਂ ਕਿਸੇ ਦੀ ਨਿੱਜੀ ਸੂਚਨਾ ਹੋਵੇ, ਪਰ ਇਸ ਸਮੇ ਇਹ ਮਾਮਲਾ ਲਾਰਜਰ ਪਬਲਿਕ ਇੰਟਰਸਟ ਦਾ ਬਣ ਚੁੱਕਾ ਹੈ, ਕਿਉਂਜੋ ਕਿਸਾਨਾਂ ਤੋਂ ਜਮੀਨ ਐਕਵਾਇਰ ਕਰਕੇ ਉਨ੍ਹਾਂ ਨੂੰ ਦਿੱਤੇ ਜਾ ਚੁੱਕੇ ਮੁਆਵਜੇ ਉਪਰੰਤ ਵੱਖ ਵੱਖ ਸੰਸਥਾਵਾਂ ਕੰਪਨੀਆਂ ਤੋਂ ਪੇਮੈਟ ਲਈ ਜਾ ਚੁੱਕੀ ਹੈ। ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਨੁਕਤਾ ਨੰ: 2 ਸਬੰਧੀ ਸੂਚਨਾ ਆਪਣੇ ਪੱਤਰ ਮੀਮੋ ਨੰ: 1/2589/2019/ਆਰ.ਟੀ.ਆਈ. ਐਕਟ 05/ਸ2/9251 ਏ ਮਿਤੀ 6-9-2019 ਰਾਹੀਂ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ। ਇਸ ਤਰ੍ਹਾਂ ਕਿਉਂਜੋ ਅਪੀਲਕਰਤਾ ਵਲੋਂ ਜਿਨ੍ਹਾਂ 03 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਉਨ੍ਹਾਂ ਸਾਰਿਆਂ ਦਾ ਸੰਬਧ ਐਕੁਆਇਰ ਕੀਤੀ ਜਮੀਨ ਦੇ ਦਿਤੇ ਗਏ ਮੁਆਵਜੇ ਮੰਗੀ ਗਈ ਸੂਚਨਾ ਦੇ ਨੁਕਤਾ ਨੰ: 1 ਅਤੇ 3 ਦਾ ਸਬੰਧ ਕਿਸਾਨਾਂ ਦੀ ਜਮੀਨ ਅਕਵਾਇਰ ਹੋਣ ਤੇ ਮਿਲੇ ਮੁਆਵਜ਼ੇ ਨਾਲ ਹੈ ਜੋ ਕਿ ਨਿਸਚਿਤ ਤੌਰ ਤੇ ਉਨ੍ਹਾਂ ਕਿਸਾਨਾਂ ਦੀ ਨਿੱਜੀ ਸੂਚਨਾ ਹੈ। ਕਿਉਜੋ ਕਿਸਾਨਾਂ ਨੂੰ ਮੁਆਵਜੇ ਦੀ ਮਿਲੀ ਰਕਮ ਦੇ ਵੇਰਵੇ ਸੂਚਨਾ ਅਧਿਕਾਰ ਕਾਨੂੰਨ ਅਧੀਨ ਦੇਣ ਨਾਲ ਉਨ੍ਹਾਂ ਦੀ Right & Liverty ਨੂੰ ਵੀ ਖਤਰਾ ਹੋ ਸਕਦਾ ਹੈ। ਅਪੀਲਕਰਤਾ ਵਲੋਂ ਅਜਿਹਾ ਕੋਈ ਵੀ ਦਸਤਾਵੇਜ਼ ਪੇਸ਼ ਨਹੀਂ ਕੀਤਾ ਜਿਸਤੋਂ ਸਾਬਤ ਹੋ ਸਕੇ ਕਿ ਅਪੀਲਕਰਤਾ ਉਨ੍ਹਾਂ ਕਿਸਾਨਾਂ ਦੀ ਨੁਮਾਇੰਦਗੀ ਕਰਦਾ ਹੈ ਜਿਨ੍ਹਾਂ ਦੀ ਜਮੀਨ ਸਰਕਾਰ ਵਲੋਂ ਐਕਵਾਇਰ ਕੀਤੀ ਗਈ ਹੈ। ਅਪੀਲਕਰਤਾ ਨੇ ਅਜਿਹਾ ਵੀ ਕੋਈ ਦਸਤਾਵੇਜ਼ ਪੇਸ਼ ਨਹੀਂ ਕੀਤਾ ਗਿਆ ਕਿ ਜਮੀਨ ਐਕਵਾਇਰ ਹੋਣ ਸਬੰਧੀ ਪ੍ਰਭਾਵਿਤ ਪਾਰਟੀ ਜਾਂ ਅਪੀਲਕਰਤਾ ਦੀ ਆਪਣੀ ਜਮੀਨ ਐਕਵਾਇਰ ਕੀਤੀ ਗਈ ਹੈ। ਇਸ ਤਰ੍ਹਾਂ ਕਮਿਸ਼ਨ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਜਾਣਕਾਰੀ ਤੋਂ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ ਕੀਤਾ** ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 17 ਮਾਰਚ , 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**